# ਮੇਰੇ ਬੱਚੇ ਦੇ ਅਧਿਕਾਰ

ਆਪਣੇ ਬੱਚੇ ਨੂੰ ਉਸ ਦੇ ਅਧਿਕਾਰਾਂ ਬਾਰੇ ਸਿਖਾਉਣ ਨਾਲ ਉਸ ਨੂੰ ਮਦਦ ਕਿਵੇਂ ਮਿਲਦੀ ਹੈ?

ਇੱਕ ਮਾਪੇ ਵਜੋਂ, ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ ਅਤੇ ਇਹ ਯਕੀਨੀ ਬਣਾਉਣ ਲਈ ਸਭ ਤੋਂ ਵਧੀਆ ਵਿਅਕਤੀ ਤੁਸੀਂ ਹੋ ਕਿ ਤੁਹਾਡੇ ਬੱਚੇ ਕੋਲ ਹਰੇਕ ਉਹ ਚੀਜ਼ ਹੋਵੇ ਜਿਸ ਦੀ ਉਸ ਨੂੰ ਕੈਨੇਡਾ ਵਿੱਚ ਜਿਉਂਦੇ ਰਹਿਣ ਅਤੇ ਵਧਣ-ਫੁੱਲਣ ਲਈ ਲੋੜ ਹੈ।

ਯੂਨਾਈਟਡ ਨੇਸ਼ਨਜ ਕਨਵੈਨਸ਼ਨ ਆਨ ਦਾ ਰਾਈਟਸ ਆਫ ਦਾ ਚਾਈਲਡ (UNCRC) ਇੱਕ ਅੰਤਰਰਾਸ਼ਟਰੀ ਸਮਝੌਤਾ ਹੈ ਜਿਸ ਉੱਤੇ ਕੈਨੇਡਾ ਅਤੇ ਵਿਸ਼ਵ ਦੇ ਜ਼ਿਆਦਾਤਰ ਦੇਸ਼ਾਂ ਨੇ ਦਸਤਖਤ ਕੀਤੇ ਹਨ। ਇਹ ਉਹਨਾਂ ਚੀਜ਼ਾਂ ਦਾ ਵਰਣਨ ਕਰਦਾ ਹੈ ਜਿੰਨ੍ਹਾਂ ਦੀ 18 ਸਾਲ ਤੋਂ ਘੱਟ ਉਮਰ ਦੇ ਹਰ ਵਿਅਕਤੀ ਨੂੰ ਵਧਣ-ਫੁੱਲਣ ਅਤੇ ਇੱਕ ਸਿਹਤਮੰਦ ਜੀਵਨ ਜਿਉਣ ਵਾਸਤੇ ਲੋੜ ਹੁੰਦੀ ਹੈ ਭਾਰਤ ਨੇ ਇਸ ਕਨਵੈਨਸ਼ਨ ’ਤੇ 11 ਦਸੰਬਰ, 1992 ਨੂੰ ਦਸਤਖਤ ਕੀਤੇ ਸਨ।

ਕੈਨੇਡਾ ਵਿੱਚ 18 ਸਾਲ ਤੋਂ ਘੱਟ ਉਮਰ ਦਾ ਹਰੇਕ ਬੱਚਾ, ਜਿਸ ਵਿੱਚ ਅਵਾਸੀ ਨੌਜਵਾਨ ਵੀ ਸ਼ਾਮਲ ਹਨ, UNCRC ਦੇ ਤਹਿਤ ਰੱਖਿਆ ਦਾ ਹੱਕਦਾਰ ਹੈ।



## ਬੱਚਿਆਂ ਅਤੇ ਨੌਜਵਾਨਾਂ ਦੇ ਅਧਿਕਾਰਾਂ ਦਾ ਸਮਰਥਨ ਕਰਨਾ 1-2-3-4 ਜਿੰਨਾ ਆਸਾਨ ਹੈ

1. **ਗੈਰ–ਭੇਦਭਾਵ**
   ਹਰ ਕਿਸੇ ਨਾਲ ਵਾਜਬ ਤੌਰ ’ਤੇ ਅਤੇ ਆਦਰ ਨਾਲ ਵਿਵਹਾਰ ਕਰੋ
2. **ਜਿੰਦਗੀ, ਬਚੇ ਰਹਿਣ ਅਤੇ ਵਿਕਾਸ ਦਾ ਅਧਿਕਾਰ**
   ਬੱਚਿਆਂ ਅਤੇ ਨੌਜਵਾਨਾਂ ਨੂੰ ਜਿਉਣ, ਬਚੇ ਰਹਿਣ, ਅਤੇ ਵਿਕਾਸ ਕਰਨ ਜਿਹੀਆਂ ਮੂਲ ਚੀਜ਼ਾਂ ਦਾ ਅਧਿਕਾਰ ਹੈ
3. **ਬੱਚਿਆਂ ਅਤੇ ਨੌਜਵਾਨਾਂ ਦੇ ਸਭ ਤੋਂ ਵਧੀਆ ਹਿੱਤ**
   ਹਮੇਸ਼ਾਂ ਆਪਣੇ ਆਪ ਨੂੰ ਪੁੱਛੋ: “ਕੀ ਮੇਰੇ ਵੱਲੋਂ ਲਿਆ ਜਾ ਰਿਹਾ ਫੈਸਲਾ ਬੱਚਿਆਂ ਵਾਸਤੇ ਸਹੀ ਹੈ?”
4. **ਬੱਚਿਆਂ ਅਤੇ ਨੌਜਵਾਨਾਂ ਦੇ ਦ੍ਰਿਸ਼ਟੀਕੋਣ ਦਾ ਆਦਰ ਕਰੋ**
   ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਲਏ ਜਾਣ ਸਮੇਂ, ਬੱਚਿਆਂ ਅਤੇ ਨੌਜਵਾਨਾਂ ਨੂੰ ਫੈਸਲਾ ਕਰਨ ਵਿੱਚ ਸ਼ਾਮਲ ਕੀਤੇ ਜਾਣ ਅਤੇ ਉਹਨਾਂ ਦੇ ਦ੍ਰਿਸ਼ਟੀਕੋਣਾਂ ’ਤੇ ਗੌਰ ਕੀਤੇ ਜਾਣ ਦੀ ਲੋੜ ਹੁੰਦੀ ਹੈ

SOCIETY FOR children and youth OF BC
REPRESENTATIVE FOR CHILDREN AND YOUTH
UNIVERSITY OF THE FRASER VALLEY
CENTRE FOR SAFE SCHOOLS AND COMMUNITIES
United Way Lower Mainland
Change starts here.

SOCIETY FOR children and youth OF BC



# ਮੇਰੇ ਬੱਚੇ ਦੇ ਅਧਿਕਾਰ

everychild.ca

ਇਸਦੀਆਂ ਧਾਰਾਵਾਂ ਵਿੱਚੋਂ ਘੱਟੋ ਘੱਟ ਚਾਰ ਵਸ਼ਿਸ਼ ਤੌਰ 'ਤੇ ਅਵਾਸੀ ਅਤੇ ਨਵੇਂ ਆਉਣ ਵਾਲੇ ਨੌਜਵਾਨਾਂ ਦਾ ਹਵਾਲਾ ਦੰਦੀਆਂ ਹਨ:

## ਧਾਰਾ 2:

ਸਾਰੇ ਬੱਚੇ ਅਤੇ ਨੌਜਵਾਨ ਆਪਣੇ ਨਾਲ ਭੇਦਭਾਵ ਕੀਤੇ ਜਾਣ ਤੋਂ ਬਗੈਰ ਆਪਣੇ ਅਧਿਕਾਰਾਂ ਦਾ ਅਨੰਦ ਲੈ ਸਕਦੇ ਹਨ, ਚਾਹੇ ਉਹਨਾਂ ਦੀ ਨਸਲ, ਧਰਮ, ਯੋਗਤਾਵਾਂ ਜੋ ਵੀ ਹੋਣ, ਚਾਹੇ ਉਹ ਜੋ ਵੀ ਸੋਚਦੇ ਜਾਂ ਕਹਿੰਦੇ ਹੋਣ।

## ਧਾਰਾ 14:

ਨੌਜਵਾਨਾਂ ਨੂੰ ਉਹ ਕੁਝ ਸੋਚਣ ਅਤੇ ਵਿਸ਼ਵਾਸ ਕਰਨ ਦਾ ਅਧਿਕਾਰ ਹੈ ਜੋ ਉਹ ਚਾਹੁੰਦੇ ਹਨ ਅਤੇ ਆਪਣੇ ਚੁਣੇ ਹੋਏ ਧਰਮ ਨੂੰ ਮੰਨਣ ਦਾ ਅਧਿਕਾਰ ਹੈ।

## ਧਾਰਾ 22:

ਸਰਕਾਰਾਂ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸ਼ਰਨਾਰਥੀ ਨੌਜਵਾਨਾਂ ਨੂੰ ਉਹੀ ਅਧਿਕਾਰ ਹੋਣ ਜੋ ਉਸ ਦੇਸ਼ ਵਿੱਚ ਜਨਮੇਂ ਬੱਚਿਆਂ ਕੋਲ ਹਨ।

## ਧਾਰਾ 30:

ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਪਰਿਵਾਰਾਂ ਦੀ ਭਾਸ਼ਾ ਅਤੇ ਰੀਤੀਆਂ ਸਿੱਖਣ ਅਤੇ ਵਰਤਣ ਦਾ ਅਧਿਕਾਰ ਹੈ।

ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ (ਅਤੇ ਜ਼ਿੰਮੇਵਾਰੀਆ) ਬਾਰੇ ਸਿਖਾਉਣਾ ਕਿਸੇ ਬੱਚੇ ਦੇ ਸਵੈ-ਮਾਣ, ਘਰ ਅਤੇ ਸਕੂਲ ਵਿੱਚ ਸ਼ਮੂਲੀਅਤ ਦੇ ਪੱਧਰ ਵਿੱਚ ਵਾਧਾ ਕਰਦਾ ਹੈ, ਅਤੇ ਹੋਰਨਾਂ ਵਾਸਤੇ ਆਦਰ ਵਿੱਚ ਵਾਧਾ ਕਰਦਾ ਹੈ। ਜਦ ਬੱਚੇ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ ਤਾਂ ਉਹਨਾਂ ਨੂੰ ਧਮਕਾਏ ਜਾਣ ਦੀ ਸੰਭਾਵਨਾ ਘੱਟ ਹੁੰਦੀ ਹੈ ਅਤੇ ਉਹ ਹੋਰਨਾਂ ਦੇ ਪੱਖ ਵਿੱਚ ਖੜ੍ਹੇ ਹੁੰਦੇ ਹਨ। ਇਹ ਉਹਨਾਂ ਨੂੰ ਕੈਨੇਡਾ ਅਤੇ ਵਿਸ਼ਵ ਦੇ ਵਧੀਆ ਨਾਗਰਿਕ ਬਣਾਉਂਦਾ ਹੈ।

# ਸਰੋਤ

ਏਥੇ ਕੁਝ ਸੰਸਥਾਵਾਂ ਅਤੇ ਸ੍ਰੋਤਾਂ ਬਾਰੇ ਦੱਸਿਆ ਜਾ ਰਿਹਾ ਹੈ ਜੋ ਤੁਹਾਡੇ ਲਈ ਮਦਦਗਾਰੀ ਹੋ ਸਕਦੇ ਹਨ

### ਸੈਟਲਮੈਂਟ ਵਰਕਰਜ ਇਨ ਸਕੂਲਜ (SWIS)

SWIS ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿਚਲੇ ਨਵੇਂ ਅਵਾਸੀ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਤੱਕ ਪਹੁੰਚ ਦਾ ਪ੍ਰੋਗਰਾਮ ਹੈ, ਜੋ ਕੈਨੇਡੀਅਨ ਸੱਭਿਆਚਾਰ ਦੀ ਸਮਝ ਨੂੰ ਉਤਸ਼ਾਹਤ ਕਰਦਾ ਹੈ।

http://www.vsb.bc.ca/settlement-workers-schools-swis

### ਮਾਈ ਟਵੀਨ ਐਂਡ ਮੀ, ਨੋਬਾਡੀਜ ਪਰਫੈਕਟ, ਅਤੇ ਪੇਰੈਂਟ–ਚਾਈਲਡ ਮਦਰ ਗੂਜ ਪ੍ਰੋਗਰਾਮ

ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਮੁਸ਼ਕਿਲ ਹੋ ਸਕਦਾ ਹੈ। ਇਹ ਕੋਰਸ ਮੁਫ਼ਤ ਹਨ, ਮੁਫ਼ਤ ਬਾਲ-ਸੰਭਾਲ ਉਪਲਬਧ ਹੈ ਅਤੇ ਸਭ ਤੋਂ ਵਧੀਆ ਗੱਲ ਇਹ ਹੈ ਕਿ ਕੋਈ ਵੀ ਤੁਹਾਡੇ ਬਾਰੇ ਨਿਰਣਾ ਨਹੀਂ ਕਰੇਗਾ ਜਾਂ ਇਹ ਨਹੀਂ ਸੋਚੇਗਾ ਕਿ ਤੁਸੀਂ ਇੱਕ ਖਰਾਬ ਮਾਪੇ ਹੋ।

http://www.bccf.ca/families/programs

### ਬ੍ਰਿਟਿਸ਼ ਕੋਲੰਬੀਆ ਦੀ ਇਮੀਗਰੇਸ਼ਨ ਸਰਵਿਸਜ ਸੋਸਾਇਟੀ (ISS)

ਬ੍ਰਿਟਿਸ਼ ਕੋਲੰਬੀਆ ਦੀ ISS (ISS*of*BC) ਲੋਅਰ ਮੇਨਲੈਂਡ ਵਿੱਚ ਅਵਾਸੀ ਅਤੇ ਸ਼ਰਨਾਰਥੀ ਭਾਈਚਾਰਿਆਂ ਨੂੰ ਕਈ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪ੍ਰਤੀ ਸਾਲ 23,000 ਤੋਂ ਵਧੇਰੇ ਮੁਵੱਕਲਾਂ ਦੇ ਨਾਲ ਕਾਰਜ ਕਰਦੀ ਹੈ। ਬ੍ਰਿਟਿਸ਼ ਕੋਲੰਬੀਆ ਦੀ ISS ਅਵਾਸੀਆਂ ਦੇ ਵਸੇਬੇ, ਸਿੱਖਿਆ, ਅਤੇ ਏਕੀਕਰਨ ਵਿੱਚ ਉਹਨਾਂ ਦੇ ਕੈਨੇਡਾ ਵਿੱਚ ਪਹੁੰਚਣ ਦੇ ਦਿਨ ਤੋਂ ਲੈਕੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

http://www.issbc.org/immigrants

# ਕਾਰਵਾਈ ਕਰੋ

ਹਾਲਾਂਕਿ UNCRC ਕਿਸੇ ਨੌਜਵਾਨ ਦੁਆਰਾ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਅਧਿਕਾਰ ਦੀ ਗਰੰਟੀ ਦਿੰਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਬੱਚੇ ਅਤੇ ਨੌਜਵਾਨ ਬੌਸ ਹਨ।

ਬੱਚਿਆਂ ਅਤੇ ਨੌਜਵਾਨਾਂ ਦੇ ਅਧਿਕਾਰ ਸਾਰੇ ਬਾਲਗਾਂ ਨੂੰ ਬੱਚਿਆਂ ਦੇ ਵਿਚਾਰਾਂ ਨੂੰ ਸੁਣਨ ਲਈ ਉਤਸ਼ਾਹਤ ਕਰਨ ਅਤੇ ਉਹਨਾਂ ਨੂੰ ਫੈਸਲਾਕਰਨ ਦੀ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਲਈ ਮੌਜੂਦ ਹਨ। ਇਹ ਇਸ ਉਮੀਦ ਨਾਲ ਹੈ ਕਿ ਬੱਚੇ ਇਹ ਸਿੱਖਣਗੇ ਕਿ ਜ਼ਿੰਮੇਵਾਰ ਫੈਸਲੇ ਲੈਣ ਦਾ ਮਤਲਬ ਕੀ ਹੁੰਦਾ ਹੈ। ਤੁਸੀਂ ਇਸ ਬਾਰੇ ਸਭ ਤੋਂ ਬਿਹਤਰ ਜਾਣਦੇ ਹੋ ਕਿ ਤੁਹਾਡੇ ਬੱਚੇ ਕਿੰਨ੍ਹੀ ਕੁ ਜ਼ਿੰਮੇਵਾਰੀ ਲੈ ਸਕਦੇ ਹਨ। ਆਪਣੀ ਸੰਭਾਵਨਾ ਦੀ ਪੂਰਤੀ ਕਰਨ ਵਿੱਚ ਉਹਨਾਂ ਦੀ ਮਦਦ ਕਰਨਾ ਤੁਹਾਡੇ 'ਤੇ ਨਿਰਭਰ ਹੈ।

**ਘਰ ਵਿਖੇ ਆਪਣੇ ਬੱਚੇ ਦੇ ਅਧਿਕਾਰਾਂ ਦਾ ਸਮਰਥਨ ਕਰਨ ਦੇ 5 ਆਸਾਨ ਤਰੀਕੇ**

1. ਬੱਚਿਆਂ ਦੀ ਵਿਸ਼ਵ ਦੇ ਹੋਰ ਭਾਗਾਂ ਵਿਚਲੇ ਬੱਚਿਆਂ ਦੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਕਰੋ
2. ਆਪਣੇ ਬੱਚਿਆਂ ਨੂੰ ਪਰਿਵਾਰ ਦੀ ਫੈਸਲਾਕਰਨ ਦੀ ਪ੍ਰਕਿਰਿਆ ਵਿੱਚ ਸ਼ਾਮਲ ਕਰੋ
3. ਆਪਣੇ ਬੱਚੇ ਦੇ ਦੋਸਤ ਨੂੰ ਡਿਨਰ ਵਾਸਤੇ ਸੱਦਾ ਦਿਓ
4. ਆਪਣੇ ਬੱਚੇ ਦੀਆਂ ਦਿਲਚਸਪੀਆਂ ਅਤੇ ਸ਼ਕਤੀਆਂ ਦਾ ਸਮਰਥਨ ਕਰੋ
5. ਆਪਣੇ ਬੱਚੇ ਨਾਲ ਉਸ ਨੇਕ ਕੰਮ ਵਿੱਚ ਸ਼ਾਮਲ ਹੋਵੋ ਜਿਸ ਵਿੱਚ ਉਹ ਵਿਸ਼ਵਾਸ ਕਰਦੇ ਹੋਣ